© ਅਰਮਾਨ (ARMAAN) | ISSN: 2583-9446 (O)

# ਅਰਮਾਨ ARMAAN

(An International Multidisciplinary, Open Access Peer Reviewed & Indexed Research Journal)

Paper Id: ARMN040315

Volume 4, Issue 3| July-Sep. 2026

Available online at: www.armaan.org.in

DOI Link: https://doi.org/10.64119/armaan.vol.4.issue3.15

| DOI | Received Date | Accepted Date | Published Date |
|---|---|---|---|
| 10.64119/armaan.vol.4.issue3.15 | August 10, 2026 | August 31, 2026 | September 05, 2026 |

ਖੋਜ ਪੇਪਰ (Research Article)

# ਅਜੋਕੇ ਪੰਜਾਬੀ ਨਾਵਲ ਵਿੱਚ ਨਾਰੀ ਚੇਤਨਾ: ਬਲਦੇਵ ਸਿੰਘ ਦੇ ਨਾਵਲ 'ਯਸ਼ੋਧਰਾ' ਦੇ ਸੰਦਰਭ ਵਿੱਚ

## Ajoke Punjabi Naval Vich Naari Chetna: Baldev Singh De Naval 'Yashodhara' De Sandarbh Vich

**ਡਾ: ਰਾਜਿੰਦਰ ਕੌਰ (Dr. Rajinder Kaur)**

ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ (Assistant Professor, Dept. of Punjabi)

ਸੰਤ ਦਰਬਾਰਾ ਸਿੰਘ ਕਾਲਜ ਫਾਰ ਵਿਮੈਨ, ਲੋਪੋਂ ਜਿਲ੍ਹਾ ਮੋਗਾ (ਪੰਜਾਬ)- 142037

ORCID: 0009-0001-2952-9501

*E-Mail: kaur.cuteraj.rajinder@gmail.com*

### *ਸਾਰ (Abstract)*

*ਪੰਜਾਬੀ ਨਾਵਲ ਮਨੁੱਖੀ ਜੀਵਨ ਦੀਆਂ ਜਟਿਲ ਸਮਾਜਿਕ, ਮਨੋਵਿਗਿਆਨਕ ਅਤੇ ਸੱਭਿਆਚਾਰਕ ਹਕੀਕਤਾਂ ਨੂੰ ਪ੍ਰਗਟਾਉਣ ਵਾਲੀ ਇੱਕ ਸਮਰੱਥ ਵਿਧਾ ਹੈ। ਅਜੋਕੇ ਸਮੇਂ ਵਿੱਚ ਨਾਰੀਵਾਦੀ ਚਿੰਤਨ ਸਾਹਿਤ ਦਾ ਕੇਂਦਰੀ ਧੁਰਾ ਬਣ ਚੁੱਕਾ ਹੈ, ਜੋ ਪਿਤ੍ਰਸੱਤਾਤਮਕ ਸੰਰਚਨਾਵਾਂ ਨੂੰ ਚੁਣੌਤੀ ਦਿੰਦਿਆਂ ਔਰਤ ਦੀ ਅਸਮੀਤਾ, ਸਵੈ-ਪਛਾਣ ਅਤੇ ਸੁਤੰਤਰਤਾ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਦਾ ਹੈ। ਹਥਲਾ ਖੋਜ-ਪੱਤਰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ: ਪਹਿਲੇ ਭਾਗ ਵਿੱਚ ਨਾਵਲ ਵਿਧਾ ਦੀਆਂ ਸਮਰੱਥਾਵਾਂ ਅਤੇ ਨਾਰੀ ਚੇਤਨਾ ਦੇ ਸਿਧਾਂਤਕ ਪਰਿਪੇਖ ਦੀ ਪੜਚੋਲ ਕੀਤੀ ਗਈ ਹੈ; ਜਦਕਿ ਦੂਜੇ ਭਾਗ ਵਿੱਚ ਨਾਵਲਕਾਰ ਬਲਦੇਵ ਸਿੰਘ ਦੇ ਇਤਿਹਾਸਕ ਨਾਵਲ 'ਯਸ਼ੋਧਰਾ' ਦਾ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਕੀਤਾ ਗਿਆ ਹੈ। ਨਾਵਲ ਦੀ ਕਥਾ ਮਹਾਤਮਾ ਬੁੱਧ ਵੱਲੋਂ ਗ੍ਰਹਿਸਥ ਤਿਆਗਣ ਉਪਰੰਤ ਯਸ਼ੋਧਰਾ ਦੇ ਜੀਵਨ-ਸੰਘਰਸ਼ਾਂ, ਮਨੋਸਥਿਤੀਆਂ ਅਤੇ ਅੰਦਰੂਨੀ ਸੰਵੇਦਨਾਵਾਂ ਨੂੰ ਬਾਰੀਕੀ ਨਾਲ ਉਭਾਰਦੀ ਹੈ। ਨਾਵਲਕਾਰ ਨੇ ਯਸ਼ੋਧਰਾ ਨੂੰ ਮਹਿਜ਼ ਘਰੇਲੂ ਚਾਰਦੀਵਾਰੀ ਤੱਕ ਸੀਮਿਤ ਨਾ ਰੱਖ ਕੇ ਇੱਕ ਸੰਵੇਦਨਸ਼ੀਲ, ਖੁਦਮੁਖ਼ਤਿਆਰ ਅਤੇ ਅਸਤਿਤਵਵਾਦੀ ਸੰਘਰਸ਼ ਵਾਲੀ ਨਾਰੀ ਵਜੋਂ ਚਿਤਰਿਆ ਹੈ, ਜੋ ਪਿਤ੍ਰਸੱਤਾਤਮਕ ਦਬਾਵਾਂ ਦੇ ਬਾਵਜੂਦ ਆਪਣੀ ਹੋਂਦ ਅਤੇ ਸਵੈ-ਪਛਾਣ ਲਈ ਨਿਰੰਤਰ ਜੂਝਦੀ ਹੈ। ਅਧਿਐਨ ਇਹ ਸਿੱਟਾ ਕੱਢਦਾ ਹੈ ਕਿ 'ਯਸ਼ੋਧਰਾ' ਨਾਵਲ ਵਿੱਚ ਨਾਰੀਵਾਦ ਮਹਿਜ਼ ਇੱਕ ਸਿਧਾਂਤਕ ਸੰਕਲਪ ਨਹੀਂ, ਬਲਕਿ ਇੱਕ ਜੀਵੰਤ ਮਨੁੱਖੀ ਅਨੁਭਵ ਵਜੋਂ ਸਾਹਮਣੇ ਆਉਂਦਾ ਹੈ।*

### *ਮੁੱਖ-ਸ਼ਬਦ (Keywords)*

*ਅਜੋਕਾ ਪੰਜਾਬੀ ਨਾਵਲ, ਨਾਰੀ ਚੇਤਨਾ, ਨਾਰੀਵਾਦ, ਬਲਦੇਵ ਸਿੰਘ, ਯਸ਼ੋਧਰਾ, ਨਾਰੀ ਅਸਮੀਤਾ, ਪਿਤ੍ਰਸੱਤਾਤਮਕ ਸਮਾਜ।*

ਪੰਜਾਬੀ ਸਾਹਿਤ ਵਿੱਚ ਨਾਵਲ ਇੱਕ ਮਹੱਤਵਪੂਰਨ ਅਤੇ ਪ੍ਰਭਾਵਸ਼ਾਲੀ ਸਾਹਿਤਕ ਵਿਧਾ ਹੈ, ਜੋ ਅਜੋਕੇ ਯੁੱਗ ਵਿੱਚ ਮਨੁੱਖੀ- ਜੀਵਨ ਦੇ ਵੱਖ-ਵੱਖ ਪਹਿਲੂਆਂ ਜਿਵੇਂ ਕਿ: ਹਕੀਕਤਾਂ, ਸਮਾਜਿਕ ਸੰਰਚਨਾਵਾਂ ਤੇ ਸਮੱਸਿਆਵਾਂ ਦੇ ਨਾਲ ਵਿਅਕਤੀਆਂ ਦੇ ਸਭਿਆਚਾਰਕ, ਰਾਜਨੀਤਿਕ, ਆਰਥਿਕ ਅਤੇ ਮਨੋਵਿਗਿਆਨਕ ਅਨੁਭਵਾਂ ਨੂੰ ਵਿਸਥਾਰ ਨਾਲ ਪੇਸ਼ ਕਰਦੀ ਹੈ। ਇਸ ਸੰਬੰਧੀ ਪੰਜਾਬੀ ਦੇ ਪ੍ਰਸਿੱਧ ਆਲੋਚਕ ਡਾ. ਅਤਰ ਸਿੰਘ ਨਾਵਲ ਦੀ ਮਹੱਤਤਾ ਬਾਰੇ ਲਿਖਦੇ ਹਨ:

> *"ਨਾਵਲ ਉਹ ਵਿਧਾ ਹੈ ਜੋ ਸਮਾਜ ਦੀਆਂ ਜਟਿਲ ਹਕੀਕਤਾਂ ਨੂੰ ਸਭ ਤੋਂ ਵਿਸਥਾਰ ਅਤੇ ਗਹਿਰਾਈ ਨਾਲ ਪੇਸ਼ ਕਰ ਸਕਦੀ ਹੈ।"* [1]

ਸਮੇਂ ਦੇ ਨਾਲ-ਨਾਲ ਪੰਜਾਬੀ ਨਾਵਲ ਨੇ ਸਮਾਜਿਕ ਅਤੇ ਸੱਭਿਆਚਾਰਕ ਪਰਿਵਰਤਨਾਂ ਨੂੰ ਆਪਣੇ ਅੰਦਰ ਸਮੇਟਿਆ ਹੈ। ਜੇ ਇਸ ਪਰਿਪੇਖ ਵਿੱਚ ਅਜੋਕੇ ਪੰਜਾਬੀ ਨਾਵਲ ਨੂੰ ਗਹਿਰਾਈ ਨਾਲ ਵੇਖਿਆ ਜਾਵੇ ਤਾਂ ਇਹ ਸੱਪਸ਼ਟ ਹੁੰਦਾ ਹੈ ਕਿ ਆਧੁਨਿਕ ਸਮੇਂ ਵਿੱਚ ਪੰਜਾਬੀ ਨਾਵਲ ਕਈ ਤਬਦੀਲੀਆਂ ਅਤੇ ਨਵੀਆਂ ਸਾਹਿਤਕ ਪ੍ਰਵਿਰਤੀਆਂ ਵਿੱਚੋਂ ਲੰਘਦਾ ਹੋਇਆ ਨਵੇਂ ਗਿਆਨ, ਚੇਤਨਾ ਅਤੇ ਸੰਚਾਰਿਕ ਦ੍ਰਿਸ਼ਟੀਕੋਣ ਨੂੰ ਸਵੀਕਾਰ ਕਰ ਰਿਹਾ ਹੈ। ਇਸ ਤਰ੍ਹਾਂ ਅਜੋਕਾ ਪੰਜਾਬੀ ਨਾਵਲ ਸਮਕਾਲੀ ਸਮਾਜ ਦੀ ਬਦਲਦੀ ਸੋਚ ਅਤੇ ਮਨੁੱਖੀ ਅਨੁਭਵਾਂ ਨੂੰ ਨਵੇਂ ਅਰਥਾਂ ਨਾਲ ਪ੍ਰਗਟ ਕਰਨ ਦੀ ਕੋਸ਼ਿਸ਼ ਕਰਦਾ ਦਿਖਾਈ ਦਿੰਦਾ ਹੈ। ਇਸ ਸੰਦਰਭ ਵਿੱਚ ਅਨੂਪ ਸਿੰਘ ਲਿਖਦੇ ਹਨ:

*"ਨਾਵਲ ਵਰਤਮਾਨ ਸਭਿਅਤਾ ਦਾ ਇੱਕ ਮਹੱਤਵਪੂਰਨ ਲੋਕ-ਹੁਨਰ ਹੈ। ਮਨੁੱਖ ਦੀਆਂ ਸਧਾਰਨ, ਨਿੱਤ ਬਦਲਦੀਆਂ, ਵਿਸਤ੍ਰਿਤ ਹੁੰਦੀਆਂ ਅਤੇ ਗੁੰਝਲਦਾਰ ਤੇ ਸਵੈ-ਵਿਰੋਧੀ ਭਾਵਨਾਵਾਂ ਦੇ ਹਾਲਾਤਾਂ ਨੂੰ ਜਿਹੜੇ ਪ੍ਰਸੰਗ ਵਿੱਚ ਨਾਵਲ ਪੇਸ਼ ਕਰਦਾ ਹੈ, ਉਹ ਚਿੱਤਰ ਸ਼ਾਇਦ ਸਾਹਿਤ ਦਾ ਹੋਰ ਕੋਈ ਰੂਪ ਇਸ ਤਰ੍ਹਾਂ ਪੂਰਨਤਾ ਨਾਲ ਪੇਸ਼ ਨਹੀਂ ਕਰ ਸਕਦਾ। ਇਹ ਸਮਰੱਥਾ ਕੇਵਲ ਨਾਵਲ ਵਿਧਾ ਵਿੱਚ ਹੀ ਮੌਜੂਦ ਹੈ।"* [2]

ਇਸ ਅਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਅਜੋਕਾ ਪੰਜਾਬੀ ਨਾਵਲ ਖ਼ਾਸ ਤੌਰ 'ਤੇ ਮਨੁੱਖੀ ਅਨੁਭਵਾਂ, ਸਮਾਜਿਕ ਸੰਬੰਧਾਂ ਅਤੇ ਨਾਰੀ ਦੇ ਜੀਵਨ ਸੰਘਰਸ਼ ਨੂੰ ਨਵੀਂ ਦ੍ਰਿਸ਼ਟੀ ਨਾਲ ਪੇਸ਼ ਕਰ ਰਿਹਾ ਹੈ। ਇਸ ਪ੍ਰਸੰਗ ਵਿੱਚ ਨਾਰੀ ਚੇਤਨਾ ਅਜੋਕੇ ਪੰਜਾਬੀ ਨਾਵਲ ਦਾ ਇੱਕ ਮਹੱਤਵਪੂਰਨ ਵਿਸ਼ਾ ਬਣ ਚੁੱਕੀ ਹੈ।

ਨਾਰੀ ਚੇਤਨਾ ਦਾ ਅਰਥ ਹੈ ਔਰਤ ਦੀ ਆਤਮ-ਪਛਾਣ, ਉਸ ਦੀ ਸੁਤੰਤਰਤਾ ਅਤੇ ਉਸ ਦੇ ਅਧਿਕਾਰਾਂ ਦੀ ਸਮਝ। ਨਾਰੀ ਸੰਬੰਧੀ ਪਰੰਪਰਾਗਤ ਸਿਧਾਂਤਾਂ ਅਤੇ ਸ਼ੁਰੂਆਤੀ ਨਾਰੀਵਾਦੀ ਚਿੰਤਕਾਂ ਨੇ ਔਰਤ ਦੀ ਪਰਿਭਾਸ਼ਾ ਅਤੇ ਉਸ ਦੀ ਪੇਸ਼ਕਾਰੀ ਨੂੰ ਮੁੱਖ ਤੌਰ 'ਤੇ ਲਿੰਗਕ ਪਹਿਚਾਣ (Gender Identity) ਦੇ ਪਰਿਪੇਖ ਵਿੱਚ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਇਸ ਦ੍ਰਿਸ਼ਟੀਕੋਣ ਅਨੁਸਾਰ ਔਰਤ ਦੀ ਪਛਾਣ ਉਸ ਦੀ ਜੈਵਿਕ ਅਤੇ ਸਮਾਜਿਕ ਭੂਮਿਕਾਵਾਂ ਨਾਲ ਜੋੜੀ ਗਈ ਹੈ। ਪਰੰਤੂ ਸਮਕਾਲੀ ਨਾਰੀਵਾਦੀ ਚਿੰਤਨ ਵਿੱਚ ਇਹ ਧਾਰਨਾ ਹੋਰ ਵਿਸਤ੍ਰਿਤ ਰੂਪ ਧਾਰ ਲੈਂਦੀ ਹੈ, ਜਿੱਥੇ ਔਰਤ ਦੀ ਪਛਾਣ ਨੂੰ ਕੇਵਲ ਲਿੰਗਕ ਸੰਦਰਭ ਤੱਕ ਸੀਮਿਤ ਨਹੀਂ ਰੱਖਿਆ ਜਾਂਦਾ, ਸਗੋਂ ਉਸਨੂੰ ਪ੍ਰਤੀਕਾਤਮਕ ਅਤੇ ਸੱਭਿਆਚਾਰਕ ਪਹਿਚਾਣ ਦੇ ਰੂਪ ਵਿੱਚ ਵੀ ਸਮਝਿਆ ਜਾਂਦਾ ਹੈ। ਇਸ ਸੰਬੰਧੀ ਨਾਰੀਵਾਦੀ ਚਿੰਤਕ ਸੁਸ਼ੀਲਾ ਸਿੰਘ ਦਾ ਵਿਚਾਰ ਹੈ:

*"ਨਾਰੀਵਾਦੀ ਸ਼ਬਦ ਨੂੰ ਇਸ ਦੇ ਵਿਆਪਕ ਅਰਥਾਂ ਵਿੱਚ ਸਮਝਿਆ ਜਾਣਾ ਚਾਹੀਦਾ ਹੈ। ਇਹ ਸੰਕਲਪ ਔਰਤ ਵਜੋਂ ਉਸ ਦੀ ਆਪਣੀ ਪਹਿਚਾਣ ਦੀ ਡੂੰਘੇਰੀ ਚੇਤੰਨਤਾ ਅਤੇ ਔਰਤ ਦੀਆਂ ਆਪਣੀਆਂ ਸਮੱਸਿਆਵਾਂ ਵੱਲ ਸੰਕੇਤ ਕਰਦਾ ਹੈ। ਸੋ ਇਸ ਦੇ ਅਰਥਾਂ ਨੂੰ ਕੇਵਲ ਔਰਤ ਦੇ ਹੱਕਾਂ ਦੀ ਵਕਾਲਤ ਤੱਕ ਹੀ ਸੀਮਤ ਨਹੀਂ ਕਰਨਾ ਚਾਹੀਦਾ।"* [3]

ਇਸੇ ਸੰਕਲਪ ਦਾ ਵਿਸਥਾਰ ਕਰਦੀ ਹੋਈ ਨੈਂਸੀ ਐੱਫ ਕੋਟ (Nancy F. Cott) ਨਾਰੀਵਾਦ ਨੂੰ ਪਰਿਭਾਸ਼ਿਤ ਕਰਦੀ ਹੋਈ ਇਸ ਦੇ ਤਿੰਨ ਜੁਜ਼ ਮੰਨਦੀ ਹੋਈ ਲਿਖਦੀ ਹੈ ਕਿ:

*"ਪਹਿਲੇ ਅਨੁਸਾਰ ਲਿੰਗਾਂ ਦੀ ਸਮਾਨਤਾ (Equality of Sex)ਦੀ ਲੋੜ ਹੈ ਜਿਸ ਨਾਲ ਲਿੰਗਕ ਦਰਜੇਬੰਦੀ ਦਾ ਵਿਰੋਧ ਸੰਭਵ ਹੋ ਸਕਦਾ ਹੈ। ਦੂਜੇ ਅਨੁਸਾਰ ਔਰਤ ਦੀ ਉਸ ਸੱਭਿਆਚਾਰਕ ਸਥਿਤੀ ਦੀ ਪੁਨਰ-ਵਿਚਾਰ ਹੈ, ਜੋ ਮਰਦ ਨੇ ਆਪਣੇ ਹਿੱਤਾਂ ਦੇ ਅਨੁਕੂਲ ਬਣਾਈ ਹੈ। ਤੀਸਰਾ ਨਾਰੀਵਾਦੀ ਚੇਤਨਾ ਦਾ ਵਿਕਾਸ ਹੈ ਜਿਸ ਵਿੱਚ ਔਰਤਾਂ ਆਪਣੇ ਆਪ ਨੂੰ ਜੀਵ ਵਿਗਿਆਨਕ ਲਿੰਗ ਦੇ ਰੂਪ ਵਿੱਚ ਸਮਝੇ ਜਾਣ ਦੀ ਥਾਂ ਸਮਾਜਿਕ ਸਮੂਹ ਦੇ ਤੌਰ 'ਤੇ ਵੇਖਣਾ ਚਾਹੁੰਦੀਆਂ ਹਨ।"* [4]

ਸਾਡੇ ਸਮਾਜਿਕ ਢਾਂਚੇ ਵਿੱਚ ਔਰਤ ਨੂੰ ਅਕਸਰ ਅਜਿਹੀ ਸਥਿਤੀ ਨਹੀਂ ਮਿਲੀ ਜੋ ਉਸ ਦੇ ਵਿਅਕਤੀਤਵ ਨੂੰ ਇੱਕ ਖੁਦਮੁਖਤਿਆਰ ਅਤੇ ਸੰਤੁਲਿਤ ਪਹਿਚਾਣ ਪ੍ਰਦਾਨ ਕਰ ਸਕੇ। ਸਮਾਜਿਕ ਬਣਤਰਾਂ ਅਤੇ ਰਵਾਇਤੀ ਸੋਚ ਨੇ ਕਈ ਵਾਰ ਉਸ ਦੀ ਹਸਤੀ ਨੂੰ ਹੋਰਾਂ ਨਾਲ ਜੋੜ ਕੇ ਹੀ ਪਰਿਭਾਸ਼ਿਤ ਕੀਤਾ ਹੈ, ਜਿਸ ਕਰਕੇ ਉਸ ਦੀ ਆਪਣੀ ਅਲੱਗ ਪਹਿਚਾਣ ਦਾ ਪ੍ਰਸ਼ਨ ਪਿੱਛੇ ਰਹਿ ਗਿਆ। ਦਰਅਸਲ ਪਛਾਣ ਦਾ ਮਸਲਾ ਮਨੁੱਖ ਦੀ ਹਸਤੀ ਨਾਲ ਗਹਿਰੇ ਤੌਰ 'ਤੇ ਸੰਬੰਧਿਤ ਹੁੰਦਾ ਹੈ, ਕਿਉਂਕਿ ਜਦੋਂ ਕੋਈ ਵਿਅਕਤੀ ਆਪਣੀ ਪਛਾਣ ਬਾਰੇ ਵਿਚਾਰ ਕਰਦਾ ਹੈ ਤਾਂ ਉਹ ਆਪਣੇ ਅਸਤਿਤਵ ਅਤੇ ਸਮਾਜ ਵਿੱਚ ਆਪਣੇ ਸਥਾਨ ਨੂੰ ਵੀ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਇਸੀ ਸੰਦਰਭ ਵਿੱਚ ਕਿਹਾ ਜਾਂਦਾ ਹੈ ਕਿ *"Identity is the answer to the question 'Who am I?'"* [5]

ਇਸ ਤਰ੍ਹਾਂ ਪਹਿਚਾਣ ਸਿਰਫ਼ ਇਕ ਨਾਮ ਜਾਂ ਪਰਿਭਾਸ਼ਾ ਨਹੀਂ, ਸਗੋਂ ਮਨੁੱਖ ਦੀ ਆਪਣੀ ਹਸਤੀ ਅਤੇ ਉਸ ਦੀ ਸਮਾਜਿਕ ਮੌਜੂਦਗੀ ਨੂੰ ਸਮਝਣ ਦੀ ਪ੍ਰਕਿਰਿਆ ਨਾਲ ਜੁੜੀ ਹੋਈ ਧਾਰਨਾ ਹੈ। ਪਰੰਤੂ, ਔਰਤ ਦੇ ਸੰਦਰਭ ਵਿੱਚ ਵਿਅਕਤੀਗਤ ਪਹਿਚਾਣ ਨਾਲ ਜੁੜੀ ਅਜਿਹੀ ਚੇਤਨਾ ਦੇ ਵਿਕਾਸ ਲਈ ਅਨੁਕੂਲ ਸਮਾਜਿਕ ਅਤੇ ਸੱਭਿਆਚਾਰਕ ਵਾਤਾਵਰਣ ਅਕਸਰ ਉੱਪਲਬਧ ਨਹੀਂ ਰਹਿਆ। ਸਾਡੇ ਸਮਾਜਿਕ ਢਾਂਚੇ ਵਿੱਚ ਜੇ ਔਰਤ ਆਪਣੀ ਸੁਤੰਤਰ ਪਹਿਚਾਣ ਕਾਇਮ ਕਰਨ ਦੀ ਕੋਸ਼ਿਸ਼ ਵੀ ਕਰਦੀ ਹੈ ਤਾਂ ਉਸ ਨੂੰ ਅਕਸਰ ਉਹੀ ਸਮਾਜਿਕ, ਸਿੱਖਿਆਤਮਕ ਅਤੇ ਸੱਭਿਆਚਾਰਕ ਸਾਧਨਾਂ ਦਾ ਸਹਾਰਾ ਲੈਣਾ ਪੈਂਦਾ ਹੈ, ਜੋ ਆਪਣੀ ਮੂਲ ਪ੍ਰਕਿਰਤੀ ਵਿੱਚ ਮਰਦ-ਕੇਂਦਰਿਤ ਸੋਚ ਨੂੰ ਹੀ ਪ੍ਰਸਾਰਿਤ ਕਰਦੇ ਹਨ। ਇਸ ਕਾਰਨ ਔਰਤ ਦੀ ਆਪਣੀ ਅਲੱਗ ਪਛਾਣ ਬਣਾਉਣ ਦੀ ਪ੍ਰਕਿਰਿਆ ਕਈ ਵਾਰ ਜਟਿਲ ਅਤੇ ਸੰਘਰਸ਼ਪੂਰਨ ਬਣ ਜਾਂਦੀ ਹੈ।

ਇਸ ਦੇ ਫਲਸਰੂਪ ਇਹ ਕਿਹਾ ਜਾ ਸਕਦਾ ਹੈ ਕਿ ਨਾਰੀਵਾਦੀ ਚਿੰਤਨ ਉਸ ਮਰਦ-ਕੇਂਦਰਿਤ ਸਮਾਜਿਕ ਬਣਤਰ ਨੂੰ ਚੁਣੌਤੀ ਦਿੰਦਾ ਹੈ, ਜੋ ਲਿੰਗ ਅਧਾਰਿਤ ਭੇਦਭਾਵ ਦੇ ਆਧਾਰ 'ਤੇ ਮਨੁੱਖੀ ਅਸਤਿਤਵ ਦੇ ਵੱਖਰੇ ਦਰਜੇ ਨਿਰਧਾਰਤ ਕਰਦੀ ਰਹੀ ਹੈ। ਨਾਰੀਵਾਦੀ ਵਿਚਾਰਧਾਰਾ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਔਰਤ ਨੂੰ ਆਪਣੀ ਹੋਂਦ, ਅਸਤਿਤਵ ਅਤੇ ਪਹਿਚਾਣ ਬਾਰੇ ਸਚੇਤ ਹੋਣਾ ਚਾਹੀਦਾ ਹੈ ਅਤੇ ਸਮਾਜ ਵਿੱਚ ਆਪਣੇ ਸਥਾਨ ਨੂੰ ਨਵੇਂ ਢੰਗ ਨਾਲ ਸਮਝਣਾ ਚਾਹੀਦਾ ਹੈ। ਇਸ ਪ੍ਰਸੰਗ ਵਿੱਚ ਸਿਮੋਨ ਦ ਬਵੋਇ 'ਪਹਿਚਾਣ' ਦੇ ਪ੍ਰਸ਼ਨ ਨੂੰ ਲਿੰਗ ਦੇ ਸੰਦਰਭ ਵਿੱਚ ਸਮਝਾਉਂਦੀ ਹੋਈ ਕਹਿੰਦੀ ਹੈ ਕਿ *"ਔਰਤ ਹੋਣ ਦਾ ਨਾਤਾ ਜਨਮ ਤੋਂ ਵੱਧ ਇਤਿਹਾਸ ਨਾਲ ਹੈ।"* [6]

ਸਿਮੋਨ ਇਸ ਸਥਿਤੀ ਨੂੰ ਇਤਿਹਾਸਕ ਪਿਤ੍ਰਸੱਤਾਤਮਕ ਵਿਰਾਸਤ ਦੇ ਸੰਦਰਭ ਵਿੱਚ ਸਮਝਾਉਂਦੀ ਹੈ। ਉਸ ਦੇ ਅਨੁਸਾਰ ਮਨੁੱਖੀ ਇਤਿਹਾਸ ਵਿੱਚ ਲੰਮੇ ਸਮੇਂ ਤੱਕ ਪਿਤਾ-ਪੁਰਖੀ ਪ੍ਰਣਾਲੀ ਦੀ ਸਰਦਾਰੀ ਕਾਇਮ ਰਹੀ ਹੈ, ਜਿਸ ਕਾਰਨ ਸਮਾਜਿਕ ਢਾਂਚੇ ਵਿੱਚ ਔਰਤ ਦੇ ਦਮਨ ਦੀ ਪ੍ਰਕਿਰਿਆ ਮਜ਼ਬੂਤ ਹੋਈ ਹੈ। ਇਸ ਪਿਤ੍ਰਸੱਤਾਤਮਕ ਬਣਤਰ ਦੇ ਪ੍ਰਭਾਵ ਹੇਠ ਔਰਤ ਦੇ ਅਸਤਿੱਤਵ ਅਤੇ ਉਸ ਦੀ ਦੇਹ ਨੂੰ ਅਕਸਰ ਸਮਾਜ ਵਿੱਚ ਯੋਗ ਮਾਨਤਾ ਅਤੇ ਸਾਰਥਕਤਾ ਪ੍ਰਾਪਤ ਨਹੀਂ ਹੋ ਸਕੀ।

ਇਸ ਸੰਦਰਭ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਸਾਹਿਤਕ ਪਰੰਪਰਾ ਵਿੱਚ ਆਦਿਕਾਲ ਤੋਂ ਲੈ ਕੇ ਅਜੋਕੇ ਦੌਰ ਤੱਕ ਜ਼ਿਆਦਾਤਰ ਸਾਹਿਤ 'ਤੇ ਮਰਦ-ਕੇਂਦਰਿਤ ਚੇਤਨਾ ਦਾ ਪ੍ਰਭਾਵ ਦਿਖਾਈ ਦਿੰਦਾ ਹੈ। ਇਸ ਕਾਰਨ ਸਾਹਿਤ ਵਿੱਚ ਅਕਸਰ ਔਰਤ ਦੇ ਵਜੂਦ ਅਤੇ ਉਸ ਦੀ ਜੀਵਨ ਸਥਿਤੀ ਨੂੰ ਪ੍ਰਤੀਕਾਤਮਕ ਰੂਪਾਂ

ਵਿੱਚ ਹੀ ਦਰਸਾਇਆ ਗਿਆ ਹੈ, ਜਿੱਥੇ ਉਸ ਦੇ ਅਨੁਭਵ ਅਤੇ ਅਸਤਿੱਤਵ ਨੂੰ ਪੂਰੀ ਤਰ੍ਹਾਂ ਸੁਤੰਤਰ ਢੰਗ ਨਾਲ ਪ੍ਰਗਟ ਹੋਣ ਦਾ ਮੌਕਾ ਘੱਟ ਮਿਲਦਾ ਹੈ।

ਜੇਕਰ ਪੰਜਾਬੀ ਨਾਵਲ ਦੀ ਪਰੰਪਰਾ ਵੱਲ ਧਿਆਨ ਦਿੱਤਾ ਜਾਵੇ ਤਾਂ ਇਸ ਵਿੱਚ ਔਰਤ ਨਾਲ ਜੁੜੀਆਂ ਵੱਖ-ਵੱਖ ਅਤੇ ਬਹੁਪੱਖੀ ਸਮੱਸਿਆਵਾਂ ਨੂੰ ਕਾਫ਼ੀ ਸੰਵੇਦਨਸ਼ੀਲਤਾ ਅਤੇ ਗਹਿਰਾਈ ਨਾਲ ਦਰਸਾਇਆ ਗਿਆ ਹੈ। ਇਥੇ ਮੈਂ ਔਰਤ-ਮੁਖੀ ਪਹਿਚਾਣ ਤੇ ਉਸ ਦੀ ਹੋਂਦ ਅਤੇ ਸਥਾਪਤੀ ਨੂੰ ਬਲਦੇਵ ਸਿੰਘ ਦੇ ਨਾਵਲ "ਯਸ਼ੋਧਰਾ" ਦੇ ਸੰਦਰਭ ਵਿੱਚ ਹੀ ਵਿਚਾਰ ਕਰਾਂਗੀ । ਇਸ ਪ੍ਰਕਿਰਿਆ ਦੌਰਾਨ ਨਾਵਲ ਵਿੱਚ ਦਰਸਾਈਆਂ ਗਈਆਂ ਉਹਨਾਂ ਸਮਾਜਿਕ ਸਥਿਤੀਆਂ ਅਤੇ ਸਮੱਸਿਆਵਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇਗੀ, ਜਿਨ੍ਹਾਂ ਦਾ ਸਾਹਮਣਾ ਔਰਤ ਨੂੰ ਕਰਨਾ ਪੈਂਦਾ ਹੈ। ਇਸ ਦੇ ਨਾਲ ਇਹ ਅਧਿਐਨ ਨਾਵਲ ਦੇ ਸੰਦਰਭ ਵਿੱਚ ਔਰਤ ਦੀ ਹੋਂਦ, ਉਸ ਦੀ ਆਤਮ-ਚੇਤਨਾ ਅਤੇ ਪਛਾਣ ਦੇ ਪ੍ਰਸ਼ਨ ਨੂੰ ਗਹਿਰਾਈ ਨਾਲ ਸਮਝਣ ਦੀ ਕੋਸ਼ਿਸ਼ ਕਰੇਗਾ।

ਬਲਦੇਵ ਸਿੰਘ ਦਾ ਨਾਵਲ ਯਸ਼ੋਧਰਾ ਨਾਰੀਵਾਦੀ ਦ੍ਰਿਸ਼ਟੀ ਤੋਂ ਰਚਿਆ ਇਕ ਅਜਿਹਾ ਨਾਵਲ ਹੈ, ਜਿਸ ਵਿੱਚ ਨਾਵਲਕਾਰ ਨੇ ਇਤਿਹਾਸਕ ਪ੍ਰਸੰਗ ਨੂੰ ਮਨੁੱਖੀ ਸੰਵੇਦਨਾਵਾਂ ਅਤੇ ਅੰਦਰੂਨੀ ਸੰਘਰਸ਼ਾਂ ਨਾਲ ਜੋੜ ਕੇ ਪੇਸ਼ ਕੀਤਾ ਹੈ। ਇਸ ਨਾਵਲ ਵਿੱਚ ਯਸ਼ੋਧਰਾ ਦੇ ਪਾਤਰ ਨੂੰ ਇੱਕੋ ਸਮੇਂ ਮਾਂ, ਪਤਨੀ ਅਤੇ ਜੀਵਨ ਸਾਥੀ ਵਜੋਂ ਪੇਸ਼ ਕੀਤਾ ਗਿਆ ਹੈ। ਅਸਲ ਵਿੱਚ ਨਾਵਲ ਦੀ ਕਥਾ ਮਹਾਤਮਾ ਬੁੱਧ ਅਤੇ ਉਹਨਾਂ ਦੀ ਪਤਨੀ ਯਸ਼ੋਧਰਾ ਦੇ ਜੀਵਨ ਨਾਲ ਜੁੜੇ ਪ੍ਰਸੰਗਾਂ, ਮਹਾਤਮਾ ਬੁੱਧ ਦੇ ਗਹਿਸਤ ਤਿਆਗ ਕੇ ਤਪੱਸਿਆ ਲਈ ਜਾਣ ਦੇ ਬਿਰਤਾਂਤ ਨੂੰ ਸਿਰਜਦੇ ਹੋਏ, ਯਸ਼ੋਧਰਾ ਦੇ ਪੂਰੇ ਜੀਵਨ ਨਾਲ ਜੁੜੇ ਸੰਘਰਸ਼ਾਂ, ਅਨੁਭਵਾਂ, ਮਨੋਸਥਿਤੀਆਂ ਅਤੇ ਜੀਵਨ ਦੀਆਂ ਵੱਖ-ਵੱਖ ਸਥਿਤੀਆਂ ਰਾਹੀਂ ਨਾਵਲਕਾਰ ਨੇ ਉਸਦੇ ਸੰਘਰਸ਼ਮਈ ਜੀਵਨ ਨੂੰ ਗਹਿਰਾਈ ਨਾਲ ਉਭਾਰਿਆ ਹੈ। ਨਾਵਲ ਦਾ ਕੇਂਦਰੀ ਮੰਜ਼ਰ ਉਹ ਪਲ ਹੈ ਜਦੋਂ ਸਿੱਧਾਰਥ ਆਪਣਾ ਘਰ-ਪਰਿਵਾਰ ਛੱਡ ਕੇ ਤੱਪਸਿਆ ਦੇ ਮਾਰਗ 'ਤੇ ਚਲ ਪੈਂਦਾ ਹੈ। ਇਸ ਘਟਨਾ ਦਾ ਸਭ ਤੋਂ ਡੂੰਘਾ ਅਸਰ ਯਸ਼ੋਧਰਾ ਦੇ ਜੀਵਨ 'ਤੇ ਪੈਂਦਾ ਹੈ। ਨਾਵਲਕਾਰ ਨੇ ਇਸ ਸਥਿਤੀ ਨੂੰ ਸਿਰਫ਼ ਇਤਿਹਾਸਕ ਘਟਨਾ ਵਜੋਂ ਨਹੀਂ, ਸਗੋਂ ਇੱਕ ਔਰਤ ਦੇ ਅੰਦਰੂਨੀ ਮਨੋਵਿਗਿਆਨਕ ਅਨੁਭਵ ਵਜੋਂ ਦਰਸਾਇਆ ਹੈ, ਜਿਸ ਨੂੰ ਜਿਆਦਾਤਰ ਇਤਿਹਾਸਕਾਰਾਂ ਸਮੀਖਿਆਕਾਰਾਂ ਨੇ ਅਣਗੌਲਿਆ ਹੀ ਕੀਤਾ ਹੈ। ਇਸੇ ਪਰਿਪੇਖ ਨੂੰ ਕੇਂਦਰ ਵਿੱਚ ਰੱਖਦਿਆਂ ਇਹ ਨਾਵਲ ਆਪਣੀ ਕਥਾ ਅਤੇ ਵਿਚਾਰਧਾਰਾ ਨੂੰ ਅੱਗੇ ਵਧਾਉਂਦਾ ਹੈ।

ਕਥਾ ਦੇ ਪਹਿਲੇ ਪ੍ਰਸੰਗ ਵਿੱਚ ਮਹਾਤਮਾ ਬੁੱਧ ਤੇ ਯਸ਼ੋਧਰਾ ਦੇ ਜਨਮ ਬਾਰੇ ਦੱਸਿਆ ਗਿਆ ਹੈ। ਨਾਵਲੀ ਬਿਰਤਾਂਤ ਅਨੁਸਾਰ ਇਹਨਾਂ ਦਾ ਜਨਮ ਇੱਕੋ ਦਿਨ ਹੋਇਆ ਸੀ। ਨਾਵਲਕਾਰ ਇਸ ਪ੍ਰਸੰਗ ਰਾਹੀਂ ਇਹ ਦਰਸਾਉਂਦਾ ਹੈ ਕਿ ਸਿੱਧਾਰਥ ਦਾ ਸੰਬੰਧ (ਸ਼ਾਕਯਾਂ ਸੰਘ) ਨਾਲ ਸੀ, ਅਤੇ ਯਸ਼ੋਧਰਾ ਦਾ ਸੰਬੰਧ ਕੋਲਯਾਂ ਸੰਘ ਨਾਲ ਜੁੜਿਆ ਹੋਇਆ ਸੀ। ਇੱਥੇ ਇਹ ਜ਼ਿਕਰਯੋਗ ਹੈ ਕਿ ਸਿੱਧਾਰਥ ਰਾਜਘਰਾਣੇ ਦਾ ਪੁੱਤਰ ਸੀ ਅਤੇ ਯਸ਼ੋਧਰਾ ਕੋਲਯਾਂ ਸਿੰਘ ਦੇ ਮੁਖੀਆ ਦੀ ਧੀ ਸੀ। ਦੋਵਾਂ ਦਾ ਸੰਬੰਧ ਕਿਸੇ ਉਚਿਤ ਸਮੇਂ 'ਤੇ ਅਚਾਨਕ ਨਹੀਂ ਬਣਿਆ, ਬਲਕਿ ਨਾਵਲਕਾਰ ਇਸ ਗੱਲ ਨੂੰ ਸੱਪਸ਼ਟ ਕਰਦਾ ਹੈ ਕਿ ਸਿੱਧਾਰਥ ਦੇ ਜਨਮ ਤੋਂ ਸੱਤ ਦਿਨ ਬਾਅਦ ਹੀ ਉਸਦੀ ਮਾਤਾ ਮਹਾਮਾਇਆ ਦਾ ਦੇਹਾਂਤ ਹੋ ਗਿਆ ਸੀ। ਕਥਾ ਦੇ ਸੰਦਰਭ ਮੁਤਾਬਿਕ ਸਮੁੱਚੇ ਸ਼ਾਕਯਾਂ ਸੰਘ ਵਿੱਚ ਉਦਾਸੀ ਦਾ ਮਾਹੌਲ ਪੈਦਾ ਹੋ ਗਿਆ ਸੀ, ਪਰੰਤੂ ਦੂਜੇ ਪਾਸੇ ਜਦੋਂ ਯਸ਼ੋਧਰਾ ਦਾ ਜਨਮ ਹੋਇਆ ਤਾਂ ਇਹ ਖਬਰ ਕੋਲਯਾਂ ਸੰਘ ਲਈ ਕਿਸੇ ਉੱਤਸਵ ਤੋਂ ਘੱਟ ਨਹੀਂ ਸੀ। ਨਾਵਲ ਦੇ ਬਿਰਤਾਂਤ ਅਨੁਸਾਰ ਮਹਾਮਾਇਆ ਦੇ ਦੇਹਾਂਤ ਕਾਰਨ ਸਾਰੇ ਨਗਰ ਵਿੱਚ ਕਿਸੇ ਪ੍ਰਕਾਰ ਦੇ ਉਤਸਵ ਮਨਾਉਣ ਦੀ ਮਨਾਹੀ ਹੋ ਗਈ ਸੀ:

> *"ਪਰ ਉਸ ਸਮੇਂ ਇਕ ਬਦਸ਼ਗੁਨੀ ਹੋ ਗਈ। ਅਜੇ ਤਾਂ ਯੋਸ਼ਾਂ ਦੇ ਜਨਮ ਦੀਆਂ ਖੁਸ਼ੀਆਂ ਮਨਾਉਣੀਆਂ ਸਨ, ਅਜੇ ਤਾਂ ਨਗਰ ਵਿੱਚ ਪੁੰਨ-ਦਾਨ ਕਰਨ ਦੀਆਂ ਵਿਉਂਤਾਂ ਬਣਾ ਰਹੇ ਸਾਂ। ਕਪਿਲਵਸਤੂ ਤੋਂ ਇਕ ਸੰਦੇਸ ਵਾਹਕ ਨੇ ਆ ਕੇ ਸੁਧੋਦਨ ਦਾ ਆਦੇਸ਼ ਸੁਣਾਇਆ। ਨਗਰ ਵਿੱਚ ਕੋਈ ਵੀ ਖੁਸ਼ੀ ਦਾ ਤਿਉਹਾਰ ਨਾ ਮਨਾਇਆ ਜਾਵੇ। '.....ਹਾਏ!' ਪਤਾ ਲੱਗਣ ਤੇ ਪਾਮਿਤਾ ਨੇ ਸੋਚਿਆ, 'ਮੇਰੇ ਤਾਂ ਚਾਅਵਾਂ ਦੀ ਸੰਘੀ ਘੁੱਟੀ ਗਈ।"* [7]

ਨਾਵਲ ਦੇ ਬਿਰਤਾਂਤ ਵਿੱਚ ਇਹ ਸੰਕੇਤ ਮਿਲਦਾ ਹੈ ਕਿ ਯਸ਼ੋਧਰਾ ਦਾ ਜੀਵਨ ਸਿੱਧਾਰਥ ਨਾਲ ਬਚਪਨ ਤੋਂ ਹੀ ਅਪਰੋਕਸ਼ ਤੌਰ 'ਤੇ ਜੁੜ ਜਾਂਦਾ ਹੈ। ਯਸ਼ੋਧਰਾ ਦੀ ਮਾਤਾ ਪਾਮਿਤਾ ਉਸ ਸਮੇਂ ਆਪਣੀ ਧੀ ਦੇ ਜਨਮ ਤੇ ਵੀ ਖੁਸ਼ੀਆਂ ਨਹੀਂ ਮਨਾ ਸਕੀ, ਕਿਉਂਕਿ ਉਸ ਨੂੰ ਇਹ ਦੁੱਖਦਾਇਕ ਖ਼ਬਰ ਮਿਲੀ ਸੀ ਕਿ ਉਸ ਦੇ ਭਰਾ ਦੀ ਪਤਨੀ ਮਹਾਮਾਇਆ ਦੀ ਅਚਾਨਕ ਮੌਤ ਹੋ ਗਈ ਹੈ। ਇਸ ਘਟਨਾ ਨੇ ਪਰਿਵਾਰ ਦੇ ਮਾਹੌਲ ਨੂੰ ਦੁੱਖ ਨਾਲ ਭਰ ਦਿੱਤਾ, ਜਿਸ ਕਾਰਨ ਜਨਮ ਦੀਆਂ ਖੁਸ਼ੀਆਂ ਵੀ ਪੂਰੀ ਤਰ੍ਹਾਂ ਮਨਾਈਆਂ ਨਾ ਜਾ ਸਕੀਆਂ। ਨਾਵਲਕਾਰ ਇਸ ਘਟਨਾ ਰਾਹੀਂ ਇਹ ਦਰਸਾਉਂਦਾ ਹੈ ਕਿ ਯਸ਼ੋਧਰਾ ਦੇ ਜੀਵਨ ਦਾ ਆਰੰਭ ਹੀ ਅਜਿਹੀਆਂ ਸਥਿਤੀਆਂ ਵਿੱਚ ਹੁੰਦਾ ਹੈ ਜਿੱਥੇ ਖੁਸ਼ੀ ਅਤੇ ਵਿਯੋਗ ਇਕੱਠੇ ਮੌਜੂਦ ਹਨ।

ਇਸ ਪ੍ਰਸੰਗ ਤੋਂ ਇਹ ਵੀ ਸੱਪਸ਼ਟ ਹੁੰਦਾ ਹੈ ਕਿ ਯਸ਼ੋਧਰਾ ਦਾ ਜੀਵਨ ਬਚਪਨ ਤੋਂ ਹੀ ਸਿੱਧਾਰਥ ਨਾਲ ਸੰਬੰਧਿਤ ਘਟਨਾਵਾਂ ਦੇ ਪ੍ਰਭਾਵ ਹੇਠ ਆ ਜਾਂਦਾ ਹੈ। ਅੱਗੇ ਚੱਲ ਕੇ ਉਸ ਦੇ ਜੀਵਨ ਵਿੱਚ ਜੋ ਵੀ ਘਟਨਾਵਾਂ ਅਤੇ ਅਨੁਭਵ ਸਾਹਮਣੇ ਆਉਂਦੇ ਹਨ, ਉਹ ਕਿਸੇ ਨਾ ਕਿਸੇ ਤਰੀਕੇ ਨਾਲ ਸਿੱਧਾਰਥ ਨਾਲ ਜੁੜੇ ਰਹਿੰਦੇ ਹਨ। ਨਾਵਲਕਾਰ ਇਸ ਗੱਲ ਨੂੰ ਬਹੁਤ ਸੰਵੇਦਨਸ਼ੀਲ ਢੰਗ ਨਾਲ ਦਰਸਾਉਂਦਾ ਹੈ ਕਿ ਔਰਤ ਦਾ ਜੀਵਨ ਅਕਸਰ ਉਸ ਸਮਾਜਿਕ ਬਣਤਰ ਵਿੱਚ ਗੁੱਥਿਆ ਹੋਇਆ ਹੁੰਦਾ ਹੈ, ਜਿੱਥੇ ਉਸ ਦੀ ਪਹਿਚਾਣ ਅਤੇ ਉਸ ਦੀ ਸਥਿਤੀ ਮਰਦ ਦੇ ਅਸਤਿੱਤਵ ਨਾਲ ਹੀ ਜੋੜ ਕੇ ਵੇਖੀ ਜਾਂਦੀ ਹੈ।

ਯਸ਼ੋਧਰਾ ਦਾ ਪਾਤਰ ਸਿਰਫ਼ ਇੱਕ ਇਤਿਹਾਸਕ ਨਾਰੀ ਦੇ ਰੂਪ ਵਿੱਚ ਨਹੀਂ, ਸਗੋਂ ਉਸ ਔਰਤ ਦੇ ਪ੍ਰਤੀਕ ਵਜੋਂ ਸਾਹਮਣੇ ਆਉਂਦਾ ਹੈ ਜਿਸ ਦਾ ਜੀਵਨ ਅਤੇ ਅਨੁਭਵ ਮਰਦ-ਕੇਂਦਰਿਤ ਸਮਾਜਿਕ ਸੰਰਚਨਾ ਦੇ ਸੰਦਰਭ ਵਿੱਚ ਸਮਝੇ ਜਾਂਦੇ ਹਨ। ਇਸੇ ਸੰਦਰਭ ਵਿੱਚ ਨਾਵਲੀ ਬਿਰਤਾਂਤ ਦੇ ਅਗਲੇ ਪੱਖ ਵਿਆਹ ਦੀ ਸਮਾਜਿਕ ਸੰਸਥਾ ਦੇ ਪ੍ਰਸੰਗ ਵਿੱਚ ਵਿਚਾਰ ਕਰਾਂਗੇ । ਵਿਆਹ ਸਮਾਜ ਦੀ ਇੱਕ ਮਹੱਤਵਪੂਰਨ ਸੰਸਥਾ ਮੰਨੀ ਜਾਂਦੀ ਹੈ, ਪਰ ਇਸ ਦੇ ਅੰਦਰ ਨਿਹਿਤ ਸੰਬੰਧ ਹਮੇਸ਼ਾਂ ਹੀ ਦੋਵਾਂ ਜੀਵਾਂ ਦੇ ਨਿੱਜੀ ਜੀਵਨ ਨਾਲ ਨਹੀਂ, ਸਗੋਂ ਵੱਡੇ ਸਮਾਜਿਕ ਨਿਯਮਾਂ ਅਤੇ ਪਰੰਪਰਾਵਾਂ ਨਾਲ ਵੀ ਜੁੜੇ ਰਹਿੰਦੇ ਹਨ। ਵਿਆਹ ਸੰਸਥਾ ਦੇ ਆਦਰਸ਼ ਪੱਖ ਦਾ ਸੰਬੰਧ ਦੋਵਾਂ ਜੀਵਾਂ ਦੀ ਆਪਸੀ ਸਹਿਮਤੀ ਅਤੇ ਭਾਵਨਾਤਮਕ ਨੇੜਤਾ ਨਾਲ ਹੁੰਦਾ ਹੈ, ਜਿਸ ਵਿੱਚ ਦੋਵਾਂ ਨੂੰ ਸਮਾਨਤਾ ਦਾ ਦਰਜਾ ਪ੍ਰਾਪਤ ਹੋਣਾ ਚਾਹੀਦਾ ਹੈ। ਨਾਵਲਕਾਰ ਇਸ ਸਮਾਜਿਕ ਸੰਸਥਾ ਵਿੱਚ ਵੀ ਔਰਤ ਦੀ ਦੁਜੈਲੀ ਸਥਿਤੀ ਨੂੰ ਉਜਾਗਰ ਕਰਦਾ ਹੈ। ਨਾਵਲ ਦੇ ਬਿਰਤਾਂਤ ਮੁਤਾਬਕ ਸਿੱਧਾਰਥ ਅਤੇ ਯਸ਼ੋਧਰਾ ਦਾ ਇਕ-ਦੂਜੇ ਪ੍ਰਤੀ ਲਗਾਅ ਹੈ, ਪਰ ਇਹ ਲਗਾਅ ਸਮਾਜਿਕ ਰੂਪ ਵਿੱਚ ਕਦੇ ਵੀ ਪ੍ਰਗਟ ਨਹੀਂ ਹੁੰਦਾ। ਪ੍ਰੇਮ ਆਧਾਰਿਤ

ਇਸ ਸੰਬੰਧ ਵਿੱਚ ਦੋਵਾਂ ਨੂੰ ਸਮਾਨਤਾ ਦੇ ਹੱਕਦਾਰ ਹੋਣਾ ਚਾਹੀਦਾ ਹੈ, ਪਰੰਤੂ ਇਸ ਸੰਬੰਧ ਵਿੱਚ ਦੋਵਾਂ ਦਾ ਨਜ਼ਰੀਆਂ ਵਿਭਿੰਨਤਾ ਦਾ ਲਖਾਇਕ ਹੈ। ਨਾਵਲੀ ਸੰਵਾਦ ਤੋਂ ਇਹ ਸੱਪਸ਼ਟ ਹੁੰਦਾ ਹੈ ਕਿ ਯਸ਼ੋਧਰਾ ਤਾਂ ਪੂਰਨ ਤੌਰ ‘ਤੇ ਸਿੱਧਾਰਥ ਪ੍ਰਤੀ ਪੂਰੀ ਨਿਸ਼ਠਾ ਅਤੇ ਸਮਰਪਣ ਦੀ ਭਾਵਨਾ ਰੱਖਦੀ ਹੈ। ਉਸ ਦੇ ਮਨ ਵਿੱਚ ਅੰਦਰੂਨੀ ਤੌਰ ‘ਤੇ ਇਹ ਇੱਛਾ ਵੀ ਮੌਜੂਦ ਹੈ ਕਿ ਉਹ ਸਿੱਧਾਰਥ ਨਾਲ ਵਿਆਹ ਦੇ ਬੰਧਨ ਵਿੱਚ ਬੱਝ ਕੇ, ਆਪਣਾ ਜੀਵਨ ਉਸ ਨਾਲ ਜੋੜਨ ਲਈ ਇਛੁੱਕ ਹੈ:

> *“ਪਰ ਮੇਰਾ ਮਨ ਹੈ, ਮੈਂ ਰਾਜਕੁਮਾਰ ਦੀਆਂ ਗੱਲਾਂ ਹੀ ਕਰਾਂ, ਉਸਦੀਆਂ ਗੱਲਾਂ ਹੀ ਸੁਣਾਂ। ਮੈਂ ਉਸਦੇ ਬੀਜਾਂ ਤੋਂ ਖਿੜੇ ਫੁੱਲਾਂ ਦੀਆਂ ਗੱਲਾਂ ਕਰਾਂ। ਮੈਨੂੰ ਫੁੱਲਾਂ ਵਿੱਚੋਂ ਰਾਜਕੁਮਾਰ ਦਿਸਦਾ ਏ... ।”* [8]

ਇੱਥੋਂ ਇਹ ਪ੍ਰਤੱਖ ਹੁੰਦਾ ਹੈ ਕਿ ਯਸ਼ੋਧਰਾ ਦੀ ਭਾਵਨਾ ਹਰ ਪੱਖ ਤੋਂ ਸਿੱਧਾਰਥ ਨਾਲ ਜੁੜੀ ਹੋਈ ਨਜ਼ਰ ਆਉਂਦੀ ਹੈ। ਦੂਜੇ ਪਾਸੇ ਸਿੱਧਾਰਥ ਇੱਕ ਅਜਿਹਾ ਰਾਜਕੁਮਾਰ ਹੈ ਜੋ ਉਪਕਾਰ ਅਤੇ ਵੈਰਾਗ ਦੀ ਭਾਵਨਾ ਨਾਲ ਭਰਪੂਰ ਜੀਵਨ ਵੱਲ ਝੁਕਾਅ ਰੱਖਦਾ ਹੈ। ਭਾਵੇਂ ਉਹ ਯਸ਼ੋਧਰਾ ਪ੍ਰਤੀ ਆਕਰਸ਼ਣ ਮਹਿਸੂਸ ਕਰਦਾ ਹੈ, ਪਰ ਮੁੱਢਲੇ ਤੌਰ ‘ਤੇ ਵਿਆਹ ਦੇ ਬੰਧਨ ਵਿੱਚ ਬੱਝਣ ਲਈ ਉਹ ਪੂਰੀ ਤਰ੍ਹਾਂ ਤਤਪਰ ਜਾਂ ਸਮਰਪਿਤ ਨਹੀਂ ਦਿਸਦਾ। ਇਸ ਸੰਦਰਭ ਵਿੱਚ ਸਿੱਧਾਰਥ ਦੇ ਪਿਤਾ ਸ਼ੁਧੋਦਨ ਅਤੇ ਯਸ਼ੋਧਰਾ ਦੇ ਪਿਤਾ ਸੁੱਪਬੁੱਧ ਦੀ ਆਪਸੀ ਵਾਰਤਾਲਾਪ ਦੇਖ ਸਕਦੇ ਹਾਂ :

> *“ਰਾਜ ਪ੍ਰੋਹਿਤਾਂ ਦੀ ਰਾਇ ਵੀ ਲਈ ਹੈ, ਸਭ ਨੇ ਇਹੀ ਕਿਹਾ ਹੈ—ਜੇ ਰਾਜਕੁਮਾਰ ਨੂੰ ਵਿਆਹ ਦੇ ਬੰਧਨ ਵਿੱਚ ਬੰਨ੍ਹ ਦਿੱਤਾ ਜਾਵੇ ਤਾਂ ਉਸਦੀ ਉਦਾਸੀ ਦੂਰ ਕਰਨ ਦਾ ਕਾਰਗਰ ਉਪਾਅ ਹੋਵੇਗਾ। ਇਹਨੀਆਂ ਗੱਲਾਂ ਕਰਕੇ ਸ਼ੁੱਧੋਧਨ ਚੁੱਪ ਹੋ ਗਿਆ... ਇਸ ਵੇਲੇ ਮੈਂ ਮਹਾਰਾਜਾ ਨਹੀਂ, ਇਕ ਪੁੱਤਰ ਦਾ ਪਿਤਾ ਆਪ ਨਾਲ ਗੱਲ ਕਰ ਰਿਹਾ ਹਾਂ। ਰਾਜਾ ਬੋਲਿਆ। ਆਪ ਦੀ ਪੁੱਤਰੀ ਯਸ਼ੋਧਰਾ ਵੀ ਵਰਨ-ਜੋਗ ਹੈ... ਜੇ ਤੁਸੀਂ ਸਹਿਮਤ ਹੋਵੋ ਤਾਂ ਰਾਜਕੁਮਾਰ ਅਤੇ ਆਪ ਦੀ ਪੁੱਤਰੀ ਆਪਸ ਵਿਚ ਵਿਆਹ-ਬੰਧਨ ਵਿਚ ਬੱਝ ਜਾਣ।”* [9]

ਇਸ ਨਾਵਲੀ ਸੰਵਾਦ ਤੋਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਸਿੱਧਾਰਥ ਅਤੇ ਯਸ਼ੋਧਰਾ ਦਾ ਵਿਆਹ ਕੇਵਲ ਦੋ ਵਿਅਕਤੀਆਂ ਦੇ ਨਿੱਜੀ ਜੀਵਨ ਨਾਲ ਜੁੜਿਆ ਹੋਇਆ ਫੈਸਲਾ ਨਹੀਂ ਸੀ, ਸਗੋਂ ਇਹ ਸਮਾਜਿਕ ਰਿਵਾਜਾਂ ਅਤੇ ਰਾਜਸੀ ਪਰੰਪਰਾਵਾਂ ਦੇ ਪ੍ਰਭਾਵ ਹੇਠ ਨਿਰਧਾਰਤ ਹੁੰਦਾ ਹੈ। ਇੱਥੇ ਰਾਜਾ ਸ਼ੁੱਧੋਧਨ ਯਸ਼ੋਧਰਾ ਦੇ ਪਿਤਾ ਨਾਲ ਗੱਲ ਕਰਦਿਆਂ ਇਹ ਵਿਚਾਰ ਰੱਖਦਾ ਹੈ ਕਿ ਸਿੱਧਾਰਥ ਦੀ ਮਨੋਸਥਿਤੀ ਨੂੰ ਸੰਤੁਲਿਤ ਕਰਨ ਲਈ ਉਸ ਦਾ ਵਿਆਹ ਕਰ ਦੇਣਾ ਇਕ ਉਚਿਤ ਉਪਾਅ ਹੋ ਸਕਦਾ ਹੈ। ਇਸ ਪ੍ਰਸੰਗ ਵਿੱਚ ਇਹ ਵੀ ਪ੍ਰਗਟ ਹੁੰਦਾ ਹੈ ਕਿ ਇਸ ਫੈਸਲੇ ਵਿੱਚ ਨੌਜਵਾਨ ਪਾਤਰਾਂ ਦੀ ਆਪਣੀ ਇੱਛਾ ਜਾਂ ਚੋਣ ਨਾਲੋਂ ਵੱਧ ਵੱਡਿਆਂ ਦੀ ਸਹਿਮਤੀ ਅਤੇ ਸਮਾਜਿਕ ਰਿਵਾਜਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਨਾਰੀਵਾਦੀ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਇਹ ਸਥਿਤੀ ਉਸ ਸਮਾਜਿਕ ਬਣਤਰ ਵੱਲ ਸੰਕੇਤ ਕਰਦੀ ਹੈ ਜਿੱਥੇ ਔਰਤ ਦੀ ਪਛਾਣ ਅਤੇ ਉਸ ਦੀ ਭੂਮਿਕਾ ਅਕਸਰ ਮਰਦ-ਕੇਂਦਰਿਤ ਵਿਵਸਥਾ ਨਾਲ ਜੁੜੀ ਰਹਿੰਦੀ ਹੈ। ਯਸ਼ੋਧਰਾ ਦਾ ਪਾਤਰ ਵੀ ਇਸੇ ਪ੍ਰਣਾਲੀ ਦੇ ਅੰਦਰ ਦਰਸਾਇਆ ਗਿਆ ਹੈ, ਜਿੱਥੇ ਉਸ ਦੀ ਜੀਵਨ-ਯਾਤਰਾ ਅਤੇ ਉਸ ਨਾਲ ਜੁੜੇ ਫੈਸਲੇ ਵੱਡੇ ਪੱਧਰ ‘ਤੇ ਸਮਾਜਿਕ ਰਵਾਇਤਾਂ ਅਤੇ ਪਰਿਵਾਰਕ ਨਿਰਣਿਆਂ ਦੇ ਅਧੀਨ ਨਿਰਧਾਰਤ ਹੁੰਦੇ ਦਿਖਾਈ ਦਿੰਦੇ ਹਨ। ਇਸ ਤਰ੍ਹਾਂ ਨਾਵਲਕਾਰ ਇਸ ਪ੍ਰਸੰਗ ਰਾਹੀਂ ਉਸ ਸੱਚਾਈ ਨੂੰ ਉਭਾਰਦਾ ਹੈ ਕਿ ਔਰਤ ਦਾ ਅਸਤਿੱਤਵ ਕਈ ਵਾਰ ਪਿਤ੍ਰਸੱਤਾਤਮਕ ਸਮਾਜਿਕ ਢਾਂਚੇ ਵਿੱਚ ਨਿਰਧਾਰਤ ਕੀਤਾ ਜਾਂਦਾ ਹੈ, ਜਿਸ ਵਿੱਚ ਉਸ ਦੀ ਆਪਣੀ ਇੱਛਾ ਨੂੰ ਘੱਟ ਮਹੱਤਤਾ ਮਿਲਦੀ ਹੈ।

ਨਾਵਲੀ ਬਿਰਤਾਂਤ ਦੇ ਅਗਲੇਰੇ ਪਸਾਰਾਂ ਵਿੱਚ ਸਾਨੂੰ ਸਿੱਧਾਰਥ ਅਤੇ ਯਸ਼ੋਧਰਾ ਦੇ ਘਰ ਸੰਤਾਨ ਪ੍ਰਾਪਤੀ (ਜਿਸ ਦਾ ਨਾਮ ਰਾਹੁਲ ਰੱਖਿਆ ਗਿਆ ਸੀ), ਸਿੱਧਾਰਥ ਦਾ ਤਪੱਸਿਆ ਕਰਨ ਲਈ ਘਰ ਦਾ ਤਿਆਗ ਕਰਨਾ ਅਤੇ ਰਾਹੁਲ ਦੇ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਸਮੁੱਚਾ ਦਾਇਤਵ ਯਸ਼ੋਧਰਾ ਉੱਪਰ ਟਿਕਿਆ ਹੋਣ ਆਦਿ ਦੇ ਹਵਾਲੇ ਮਿਲਦੇ ਹਨ :

> *“ਜੇ ਮੇਰੇ ਪੈਰਾਂ ਵਿੱਚ ਰਾਹੁਲ ਨੂੰ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਦੀਆਂ ਬੇੜੀਆਂ ਨਾ ਹੁੰਦੀਆਂ ਤਾਂ ਮੈਂ ਵੀ ਰਾਜ ਕੁਮਾਰ ਦੇ ਨਾਲ ਹੀ ਰਾਜ ਮਹਿਲ ਦੇ ਸਾਰੇ ਸੁੱਖ ਤਿਆਗ ਕਰ ਦੇਣੇ ਸਨ। ਪਰ ਹੁਣ ਮੈਂ ਵਿਵਸ਼ ਹਾਂ, ਇੱਕ ਮਾਂ ਹਾਂ, ਉਹਨਾਂ ਨਾਲ ਨਹੀਂ ਜਾ ਸਕਦੀ।”* [10]

ਵਿਆਹ ਦੀ ਸੰਸਥਾ ਵਿੱਚ ਦੋਵਾਂ ਪੱਖਾਂ ਦੇ ਆਪਸੀ ਸੰਬੰਧਾਂ ਦੀ ਭੂਮਿਕਾ ਮਹੱਤਵਪੂਰਨ ਮੰਨੀ ਜਾਂਦੀ ਹੈ। ਇਹ ਸੰਬੰਧ ਤਦ ਹੀ ਮਜ਼ਬੂਤ ਬਣਦੇ ਹਨ, ਜਦੋਂ ਦੋਵਾਂ ਪਾਸਿਆਂ ਵਿੱਚ ਸਮਝ, ਸਹਿਯੋਗ ਅਤੇ ਭਾਵਨਾਤਮਕ ਨਜ਼ਦੀਕੀ ਮੌਜੂਦ ਹੋਵੇ। ਨਾਵਲੀ ਬਿਰਤਾਂਤ ਅਨੁਸਾਰ ਯਸ਼ੋਧਰਾ ਅਤੇ ਸਿੱਧਾਰਥ ਦੇ ਜੀਵਨ ਵਿੱਚ ਵੀ ਇਹ ਸੰਬੰਧ ਆਪਣੀ ਵਿਲੱਖਣ ਸਥਿਤੀ ਰੱਖਦੇ ਹਨ। ਪਰੰਤੂ, ਰਾਹੁਲ ਦੇ ਜਨਮ ਤੋਂ ਬਾਅਦ ਸਿੱਧਾਰਥ ਦੇ ਸੰਨਿਆਸ ਧਾਰਣ ਕਰਨ ਨਾਲ ਇਸ ਸੰਬੰਧ ਦੀ ਦਿਸ਼ਾ ਬਦਲ ਜਾਂਦੀ ਹੈ। ਇਸ ਦੇ ਨਤੀਜੇ ਵਜੋਂ ਰਾਹੁਲ ਦੇ ਪਾਲਣ-ਪੋਸ਼ਣ ਦੀ ਸਾਰੀ ਜ਼ਿੰਮੇਵਾਰੀ ਯਸ਼ੋਧਰਾ ਦੇ ਸਿਰ ਆ ਪੈਂਦੀ ਹੈ ਅਤੇ ਉਹ ਹੀ ਉਸ ਦੀ ਪਰਵਰਿਸ਼ ਦਾ ਕੇਂਦਰ ਬਣ ਜਾਂਦੀ ਹੈ। ਨਾਰੀਵਾਦੀ ਨਜ਼ਰੀਏ ਤੋਂ ਇਹ ਪ੍ਰਸੰਗ ਔਰਤ ਦੀ ਉਸ ਸਥਿਤੀ ਨੂੰ ਉਜਾਗਰ ਕਰਦਾ ਹੈ ਜਿੱਥੇ ਪਰਿਵਾਰਕ ਜ਼ਿੰਮੇਵਾਰੀਆਂ ਦਾ ਵੱਡਾ ਹਿੱਸਾ ਉਸ ਦੇ ਸਿਰ ਆ ਜਾਂਦਾ ਹੈ। ਸਿੱਧਾਰਥ ਦੇ ਅਚਾਨਕ ਚਲੇ ਜਾਣ ਉਪਰੰਤ ਉਸ ਦੇ ਮਨ ਵਿੱਚ ਦੁੱਖ, ਹੈਰਾਨੀ ਅਤੇ ਇਕਾਂਤ ਦਾ ਅਹਿਸਾਸ ਪੈਦਾ ਹੋਣ ਦੇ ਬਾਵਜੂਦ ਯਸ਼ੋਧਰਾ ਇਕ ਮਾਂ ਵਜੋਂ ਧੀਰਜ, ਹਿੰਮਤ ਅਤੇ ਸਮਰਪਣ ਨਾਲ ਇਹ ਭੂਮਿਕਾ ਨਿਭਾਉਂਦੀ ਹੈ। ਇਸ ਸੰਬੰਧੀ ਸਿਮੋਨ ਦ ਬਵੋਇ ਦਾ ਵਿਚਾਰ ਹੈ ਕਿ:

> *“Marriage is the destiny traditionally offered to women by society.”* [11]

ਇਹ ਵਿਚਾਰ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਸਮਾਜਿਕ ਬਣਤਰਾਂ ਵਿੱਚ ਔਰਤ ਨੂੰ ਅਕਸਰ ਪਰਿਵਾਰ ਅਤੇ ਬੱਚਿਆਂ ਦੀ ਜ਼ਿੰਮੇਵਾਰੀ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਯਸ਼ੋਧਰਾ ਦੇ ਸੰਦਰਭ ਵਿੱਚ ਵੀ ਇਹੀ ਸਥਿਤੀ ਦਿਖਾਈ ਦਿੰਦੀ ਹੈ। ਸਿੱਧਾਰਥ ਦੇ ਸੰਨਿਆਸ ਲੈਣ ਤੋਂ ਬਾਅਦ ਰਾਹੁਲ ਦੀ ਪਰਵਰਿਸ਼ ਦੀ ਪੂਰੀ ਜ਼ਿੰਮੇਵਾਰੀ ਉਸ ਦੇ ਸਿਰ ਆ ਜਾਂਦੀ ਹੈ, ਜੋ ਨਾਰੀ ਦੀ ਸਮਾਜਿਕ ਭੂਮਿਕਾ ਅਤੇ ਉਸ ਦੇ ਸੰਘਰਸ਼ ਨੂੰ ਦਰਸਾਉਂਦੀ ਹੈ। ਇਸ ਤਰ੍ਹਾਂ ਉਸ ਦਾ ਪਾਤਰ ਉਸ ਨਾਰੀ ਦੀ ਪਛਾਣ ਨੂੰ ਦਰਸਾਉਂਦਾ ਹੈ ਜੋ ਸੰਘਰਸ਼ਾਂ ਦੇ ਬਾਵਜੂਦ ਆਪਣੇ ਫਰਜ਼ਾਂ ਨੂੰ ਨਿਭਾਉਂਦਿਆਂ ਆਪਣੀ ਅੰਦਰੂਨੀ ਤਾਕਤ ਨੂੰ ਪ੍ਰਗਟ ਕਰਦੀ ਹੈ।

ਯਸ਼ੋਧਰਾ ਦੇ ਜੀਵਨ ਵਿੱਚ ਆਉਣ ਵਾਲਾ ਇਹ ਬਦਲਾਅ ਉਸ ਦੇ ਅੰਦਰ

ਕਈ ਤਰ੍ਹਾਂ ਦੇ ਪ੍ਰਸ਼ਨ ਅਤੇ ਸੰਘਰਸ਼ ਪੈਦਾ ਕਰਦਾ ਹੈ। ਜਿਸ ਕਾਰਣ ਉਸਦੇ ਮਨ ਵਿੱਚ ਪਿਆਰ, ਅਸੁਰੱਖਿਆ ਅਤੇ ਅੰਦਰੂਨੀ ਪੀੜ ਦੇ ਮਿਲੇ-ਜੁਲੇ ਭਾਵ ਪ੍ਰਗਟ ਹੁੰਦੇ ਹਨ, ਜਿੱਥੇ ਸਿੱਧਾਰਥ ਦੇ ਤਪੱਸਿਆ ਲਈ ਰਾਜ ਮਹਲ ਛੱਡ ਜਾਣ ਦਾ ਪ੍ਰਸੰਗ ਆਮ ਤੌਰ 'ਤੇ ਆਧਿਆਤਮਿਕ ਤਿਆਗ ਅਤੇ ਸੱਚ ਦੀ ਖੋਜ ਦੇ ਰੂਪ ਵਿੱਚ ਮਹਿਮਾ ਮੰਡਿਤ ਕੀਤਾ ਜਾਂਦਾ ਹੈ, ਉੱਥੇ ਔਰਤ ਨੂੰ ਬਹੁਤੀ ਵਾਰ ਅਣਗੌਲਿਆ ਹੀ ਗਿਆ ਹੈ। ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਇਸ ਘਟਨਾ ਦੀ ਵਿਆਖਿਆ ਇੱਕ ਵੱਖਰੀ ਹਕੀਕਤ ਨੂੰ ਉਜਾਗਰ ਕਰਦੀ ਹੈ। ਸਿੱਧਾਰਥ ਦੇ ਪ੍ਰਸਥਾਨ ਤੋਂ ਬਾਅਦ ਯਸ਼ੋਧਰਾ ਦੇ ਜੀਵਨ ਵਿੱਚ ਉਤਪੰਨ ਹੋਣ ਵਾਲੀ ਸਥਿਤੀ ਉਸ ਔਰਤ ਦੀ ਮਨੋਸਥਿਤੀ ਅਤੇ ਸਮਾਜਿਕ ਸਥਿਤੀ ਨੂੰ ਦਰਸਾਉਂਦੀ ਹੈ ਜੋ ਪਿਤ੍ਰਸੱਤਾਤਮਕ ਬਣਤਰਾਂ ਦੇ ਅਧੀਨ ਆਪਣੀਆਂ ਨਿੱਜੀ ਭਾਵਨਾਵਾਂ ਨੂੰ ਪਿੱਛੇ ਰੱਖ ਕੇ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣ ਲਈ ਬਾਧਿਆ ਹੋ ਜਾਂਦੀ ਹੈ:

*"ਮੈਂ ਆਪਣਾ ਸਭ ਕੁਝ ਨਿਛਾਵਰ ਕਰਦੀ ਹਾਂ, ਮੈਂ ਆਪਣਾ-ਆਪ ਤੁਸਾਂ ਦੀ ਤਪੱਸਿਆ ਨੂੰ ਸਮਰਪਿਤ ਕਰ ਦਿੱਤਾ ਹੈ, ਮੇਰੇ ਪਤੀਵਰ ! ਤੁਸੀਂ ਨਿਰਵਾਣ ਪ੍ਰਾਪਤੀ ਲਈ ਵਣਾਂ, ਜੰਗਲਾਂ, ਆਸ਼ਰਮਾਂ ਵਿੱਚ ਗਏ ਹੋ, ਮੈਂ ਰਾਹੁਲ ਨੂੰ ਪਾਲਦੀ ਹੋਈ, ਪਿਤਾ ਸ੍ਰੀ ਅਤੇ ਮਾਤਾ ਸ੍ਰੀ ਦੇ ਹਰ ਦੁਖ-ਸੁਖ 'ਚ ਭਾਗੀਦਾਰ ਹੁੰਦੀ ਹੋਈ, ਆਪਣੇ ਮਨ ਨੂੰ ਤੁਸਾਂ ਮਨ ਨਾਲ ਇਕ -ਮਿਕ ਕਰ ਦਿਆਂਗੀ... ਹਰ ਪਲ ਮਨ ਤੋਂ ਮੈਂ ਤੁਸਾਂ ਦੇ ਪਿੱਛੇ -ਪਿੱਛੇ ਆਵਾਂਗੀ...,ਤੁਸਾਂ ਸੰਗ ਰਹਾਂਗੀ..., ਤੁਸਾਂ ਰੰਗ ਜੀਵਾਂਗੀ।"* [12]

ਨਾਵਲੀ ਸੰਵਾਦ ਤੋਂ ਇਹ ਤੱਥ ਉਜਾਗਰ ਹੁੰਦੇ ਹਨ ਕਿ ਰਾਹੁਲ ਦੀ ਪਰਵਰਿਸ਼ ਅਤੇ ਰਾਜ ਘਰਾਣੇ ਦੀ ਮਰਿਯਾਦਾ ਨੂੰ ਕਾਇਮ ਰੱਖਣ ਦੀ ਸਾਰੀ ਜ਼ਿੰਮੇਵਾਰੀ ਉਸ ਦੇ ਸਿਰ ਆ ਜਾਂਦੀ ਹੈ। ਇਸ ਤਰ੍ਹਾਂ ਉਸ ਦੀ ਜ਼ਿੰਦਗੀ ਇਕ ਐਸੀ ਤਪੱਸਿਆ ਬਣ ਜਾਂਦੀ ਹੈ, ਜੋ ਸਿੱਧਾਰਥ ਦੀ ਤਪੱਸਿਆ ਤੋਂ ਵੱਖਰੀ ਪਰੰਤੂ ਉਤਨੀ ਹੀ ਗਹਿਰੀ ਹੈ। ਦੂਜੇ ਪੱਖ ਤੋਂ ਯਸ਼ੋਧਰਾ ਦੀ ਮਨੋਸਥਿਤੀ ਅਤੇ ਉਸ ਦੀ ਅੰਦਰੂਨੀ ਸਮਰਪਣ ਭਾਵਨਾ ਸੱਪਸ਼ਟ ਰੂਪ ਵਿੱਚ ਪ੍ਰਗਟ ਹੁੰਦੀ ਹੈ। ਉਹ ਆਪਣੇ ਪਤੀ ਸਿੱਧਾਰਥ ਦੀ ਤਪੱਸਿਆ ਨੂੰ ਆਪਣੀ ਹੀ ਤਪੱਸਿਆ ਦੇ ਰੂਪ ਵਿੱਚ ਸਵੀਕਾਰ ਕਰਦੀ ਦਿਖਾਈ ਦਿੰਦੀ ਹੈ। ਪਿਤ੍ਰਸੱਤਾਤਮਕ ਸੰਬੰਧਾਂ ਦੇ ਸੰਦਰਭ ਵਿੱਚ ਇਹ ਪ੍ਰਸੰਗ ਦਰਸਾਉਂਦਾ ਹੈ ਕਿ ਔਰਤ ਦੀ ਪਹਿਚਾਣ ਅਕਸਰ ਪੁਰਸ਼ ਨਾਲ ਜੁੜੀ ਹੋਈ ਮੰਨੀ ਜਾਂਦੀ ਹੈ। ਯਸ਼ੋਧਰਾ ਆਪਣੇ ਨਿੱਜੀ ਦੁੱਖ ਅਤੇ ਇਕਾਂਤ ਦੇ ਬਾਵਜੂਦ ਆਪਣੇ ਆਪ ਨੂੰ ਪਤੀ ਦੀ ਸਾਧਨਾ ਨਾਲ ਜੋੜ ਕੇ ਦੇਖਦੀ ਹੈ ਅਤੇ ਉਸ ਦੇ ਆਧਿਆਤਮਿਕ ਲਕਸ਼ ਨੂੰ ਆਪਣਾ ਲਕਸ਼ ਬਣਾ ਲੈਂਦੀ ਹੈ। ਇਸ ਸੰਦਰਭ ਵਿੱਚ ਨਾਰੀਵਾਦੀ ਚਿੰਤਕ ਸਿਮੋਨ ਦ ਬਵੋਇ ਔਰਤ ਦੀ ਸਮਾਜਿਕ ਪਹਿਚਾਣ ਬਾਰੇ ਕਹਿੰਦੀ ਹੈ:

*"Humanity is male and man defines woman not in herself but as relative to him."* [13]

ਨਾਰੀਵਾਦੀ ਦ੍ਰਿਸ਼ਟੀ ਤੋਂ ਵੇਖਣ 'ਤੇ ਇਹ ਗੱਲ ਸੱਪਸ਼ਟ ਹੁੰਦੀ ਹੈ ਕਿ ਯਸ਼ੋਧਰਾ ਦੇ ਫੈਸਲੇ ਪੂਰੀ ਤਰ੍ਹਾਂ ਉਸ ਦੀ ਆਪਣੀ ਮਰਜ਼ੀ ਦੇ ਨਤੀਜੇ ਨਹੀਂ ਹਨ। ਉਹ ਜਿਹੜੇ ਵੀ ਫੈਸਲੇ ਲੈਂਦੀ ਹੈ, ਉਹ ਉਸ ਸਮੇਂ ਦੀ ਸਮਾਜਿਕ ਬਣਤਰ ਅਤੇ ਪਿਤ੍ਰਸੱਤਾਤਮਕ ਪ੍ਰਣਾਲੀ ਦੇ ਅਧੀਨ ਹੁੰਦੇ ਹਨ। ਇੱਕ ਔਰਤ ਹੋਣ ਦੇ ਨਾਤੇ ਉਸ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਪਣੇ ਨਿੱਜੀ ਦੁੱਖਾਂ ਨੂੰ ਪਿੱਛੇ ਰੱਖ ਕੇ ਪਰਿਵਾਰ ਅਤੇ ਬੱਚੇ ਦੀ ਭਲਾਈ ਨੂੰ ਪਹਿਲ ਦੇਵੇ। ਇਸ ਤਰ੍ਹਾਂ ਉਸ ਦੀ ਵਿਅਕਤੀਗਤ ਇੱਛਾ ਅਤੇ ਆਤਮਿਕ ਆਜ਼ਾਦੀ ਨੂੰ ਸਮਾਜਿਕ ਮਰਿਯਾਦਾਵਾਂ ਦੇ ਅਧੀਨ ਕਰ ਦਿੱਤਾ ਜਾਂਦਾ ਹੈ। ਇਹ ਸਥਿਤੀ ਪਿਤ੍ਰਸੱਤਾਤਮਕ ਸਮਾਜਿਕ ਬਣਤਰ ਦੀ ਉਸ ਮਨੋਵਿਗਿਆਨਕ ਪ੍ਰਕਿਰਿਆਂ ਨੂੰ ਉਜਾਗਰ ਕਰਦੀ ਹੈ ਜਿੱਥੇ ਔਰਤ ਆਪਣੇ ਅਸਤਿਤਵ ਨੂੰ ਪੁਰਸ਼ ਦੇ ਅਸਤਿਤਵ ਦੇ ਅਧੀਨ ਕਰ ਲੈਂਦੀ ਹੈ। ਉਸ ਦੇ ਜੀਵਨ ਦੇ ਫੈਸਲੇ ਅਤੇ ਉਸ ਦੀਆਂ ਭਾਵਨਾਵਾਂ ਵੀ ਪਰਿਵਾਰਕ ਅਤੇ ਸਮਾਜਿਕ ਮਰਯਾਦਾਵਾਂ ਦੁਆਰਾ ਨਿਰਧਾਰਿਤ ਹੁੰਦੀਆਂ ਦਿਖਾਈ ਦਿੰਦੀਆਂ ਹਨ। ਯਸ਼ੋਧਰਾ ਦਾ ਇਹ ਸਮਰਪਣ ਸਿਰਫ਼ ਵਿਅਕਤੀਗਤ ਪਿਆਰ ਦਾ ਪ੍ਰਗਟਾਵਾ ਨਹੀਂ, ਸਗੋਂ ਉਸ ਸਮਾਜਿਕ ਸੰਰਚਨਾ ਦਾ ਪ੍ਰਤੀਕ ਵੀ ਹੈ ਜਿਸ ਵਿੱਚ ਔਰਤ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਪਣੇ ਅਹੰਕਾਰ ਅਤੇ ਨਿੱਜੀ ਇੱਛਾਵਾਂ ਨੂੰ ਤਿਆਗ ਕੇ ਪਤੀ ਅਤੇ ਪਰਿਵਾਰ ਦੇ ਹਿੱਤਾਂ ਨੂੰ ਪਹਿਲ ਦੇਵੇ।

ਉਪਰੋਕਤ ਵਿਚਾਰ-ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਬਲਦੇਵ ਸਿੰਘ ਦਾ ਨਾਵਲ 'ਯਸ਼ੋਧਰਾ' ਵਿੱਚ ਯਸ਼ੋਧਰਾ ਦਾ ਪਾਤਰ ਪਿਤ੍ਰਸੱਤਾਤਮਕ ਸਮਾਜਿਕ ਬਣਤਰਾਂ ਦੇ ਅੰਦਰ ਔਰਤ ਦੀ ਸਥਿਤੀ ਅਤੇ ਉਸ ਦੇ ਅਸਤਿੱਤਵੀ ਸੰਘਰਸ਼ ਨੂੰ ਉਜਾਗਰ ਕਰਦਾ ਹੈ। ਸਿੱਧਾਰਥ ਦੇ ਤਪੱਸਿਆ ਲਈ ਪ੍ਰਸਥਾਨ ਤੋਂ ਬਾਅਦ ਯਸ਼ੋਧਰਾ ਦੇ ਜੀਵਨ ਵਿੱਚ ਉਤਪੰਨ ਹੋਣ ਵਾਲੀਆਂ ਸਥਿਤੀਆਂ ਇਹ ਦਰਸਾਉਂਦੀਆਂ ਹਨ ਕਿ ਔਰਤ ਅਕਸਰ ਆਪਣੀਆਂ ਨਿੱਜੀ ਭਾਵਨਾਵਾਂ ਅਤੇ ਇੱਛਾਵਾਂ ਨੂੰ ਪਿੱਛੇ ਰੱਖ ਕੇ ਪਰਿਵਾਰਕ ਅਤੇ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਣ ਲਈ ਮਜ਼ਬੂਰ ਹੈ। ਇਸ ਤਰ੍ਹਾਂ ਉਸ ਦੇ ਜੀਵਨ ਦੇ ਫੈਸਲੇ ਵੀ ਪਿਤ੍ਰਸੱਤਾਤਮਕ ਸੰਰਚਨਾਵਾਂ ਅਤੇ ਸਮਾਜਿਕ ਮਰਯਾਦਾਵਾਂ ਦੇ ਅਧੀਨ ਨਿਰਧਾਰਿਤ ਹੁੰਦੇ ਦਿਖਾਈ ਦਿੰਦੇ ਹਨ। ਇਸ ਸੰਦਰਭ ਵਿੱਚ ਸਿਮੋਨ ਦ ਬਵੋਇ ਦਾ ਵਿਚਾਰ ਮਹੱਤਵਪੂਰਨ ਹੈ, ਉਹ ਲਿਖਦੀ ਹੈ ਕਿ:

*"One is not born, but rather becomes, a woman."* [14]

ਇਹ ਵਿਚਾਰ ਦਰਸਾਉਂਦਾ ਹੈ ਕਿ ਔਰਤ ਦੀ ਸਮਾਜਿਕ ਭੂਮਿਕਾ ਜਨਮ ਤੋਂ ਨਿਰਧਾਰਿਤ ਨਹੀਂ ਹੁੰਦੀ, ਸਗੋਂ ਸਮਾਜਿਕ ਸੰਸਕਾਰਾਂ ਅਤੇ ਪਿਤ੍ਰਸੱਤਾਤਮਕ ਬਣਤਰਾਂ ਦੁਆਰਾ ਉਸ ਨੂੰ ਉਸ ਰੂਪ ਵਿੱਚ ਢਾਲਿਆ ਜਾਂਦਾ ਹੈ। ਯਸ਼ੋਧਰਾ ਦੇ ਪਾਤਰ ਵਿੱਚ ਵੀ ਇਹ ਗੱਲ ਸੱਪਸ਼ਟ ਦਿਖਾਈ ਦਿੰਦੀ ਹੈ ਕਿ ਉਹ ਆਪਣੇ ਨਿੱਜੀ ਦੁੱਖ ਅਤੇ ਇਕਾਂਤ ਦੇ ਬਾਵਜੂਦ ਸਮਾਜਿਕ ਉਮੀਦਾਂ ਅਤੇ ਪਰਿਵਾਰਕ ਫਰਜ਼ਾਂ ਦੇ ਅਧੀਨ ਰਹਿੰਦੀ ਹੈ। ਇਸੇ ਤਰ੍ਹਾਂ ਨਾਰੀਵਾਦੀ ਚਿੰਤਕ Bell Hooks ਵੀ ਪਿਤ੍ਰਸੱਤਾਤਮਕ ਪ੍ਰਣਾਲੀ ਦੀ ਆਲੋਚਨਾ ਕਰਦਿਆਂ ਕਹਿੰਦੀ ਹੈ ਕਿ:

*"Feminism is a movement to end sexism, sexist exploitation, and oppression."* [15]

ਇਹ ਵਿਚਾਰ ਦਰਸਾਉਂਦਾ ਹੈ ਕਿ ਨਾਰੀਵਾਦ ਦਾ ਮੁੱਖ ਉਦੇਸ਼ ਉਸ ਸਮਾਜਿਕ ਸੰਰਚਨਾ ਨੂੰ ਚੁਣੌਤੀ ਦੇਣਾ ਹੈ ਜਿਸ ਵਿੱਚ ਔਰਤਾਂ ਨੂੰ ਅਕਸਰ ਅਸਮਾਨਤਾ ਅਤੇ ਦਬਾਅ ਦਾ ਸਾਹਮਣਾ ਕਰਨਾ ਪੈਂਦਾ ਹੈ। ਯਸ਼ੋਧਰਾ ਦਾ ਪਾਤਰ ਵੀ ਇਸ ਗੱਲ ਨੂੰ ਉਜਾਗਰ ਕਰਦਾ ਹੈ ਕਿ ਪਿਤ੍ਰਸੱਤਾਤਮਕ ਸਮਾਜ ਵਿੱਚ ਮਰਦ ਦੇ ਤਿਆਗ ਨੂੰ ਮਹਾਨਤਾ ਦੇ ਰੂਪ ਵਿੱਚ ਮੰਨਿਆ ਜਾਂਦਾ ਹੈ, ਜਦਕਿ ਔਰਤ ਦੇ ਤਿਆਗ ਅਤੇ ਸੰਘਰਸ਼ ਨੂੰ ਅਕਸਰ ਉਸ ਦਾ ਫਰਜ਼ ਸਮਝ ਕੇ ਸਵੀਕਾਰ ਲਿਆ ਜਾਂਦਾ ਹੈ।

ਇਸ ਤਰ੍ਹਾਂ ਨਾਵਲ ਵਿੱਚ ਯਸ਼ੋਧਰਾ ਦਾ ਪਾਤਰ ਕੇਵਲ ਤਿਆਗ ਅਤੇ ਸਮਰਪਣ ਦਾ ਪ੍ਰਤੀਕ ਨਹੀਂ, ਸਗੋਂ ਔਰਤ ਦੇ ਅੰਦਰੂਨੀ ਸੰਘਰਸ਼, ਉਸ ਦੀ ਸਹਿਣਸ਼ੀਲਤਾ ਅਤੇ ਪਿਤ੍ਰਸੱਤਾਤਮਕ ਬਣਤਰਾਂ ਦੇ ਵਿਚਕਾਰ ਉਸ ਦੀ ਪਛਾਣ ਦੀ ਖੋਜ ਨੂੰ ਵੀ ਦਰਸਾਉਂਦਾ ਹੈ। ਬਲਦੇਵ ਸਿੰਘ ਦੇ ਨਾਵਲ ਯਸ਼ੋਧਰਾ ਦੀ ਸਾਰਥਕਤਾ ਇਸ ਗੱਲ ਵਿੱਚ ਨਿਹਿਤ ਹੈ ਕਿ ਲੇਖਕ ਨੇ ਇਤਿਹਾਸਕ-ਧਾਰਮਿਕ ਕਥਾ ਨੂੰ ਨਵੇਂ ਦ੍ਰਿਸ਼ਟੀਕੋਣ ਨਾਲ ਪੇਸ਼ ਕਰਦਿਆਂ ਹੋਇਆਂ, ਯਸ਼ੋਧਰਾ ਦੇ ਪਾਤਰ ਨੂੰ ਕੇਂਦਰ ਵਿੱਚ ਲਿਆ ਹੈ। ਆਮ ਤੌਰ 'ਤੇ ਬੌਧ ਕਥਾਵਾਂ ਵਿੱਚ ਸਿੱਧਾਰਥ ਦੇ ਸੰਨਿਆਸ ਅਤੇ ਬੁੱਧ ਬਣਨ ਦੀ ਯਾਤਰਾ ਉੱਤੇ ਹੀ ਜ਼ੋਰ ਦਿੱਤਾ ਜਾਂਦਾ ਹੈ, ਪਰ ਇਸ ਨਾਵਲ ਵਿੱਚ ਯਸ਼ੋਧਰਾ ਦੇ ਅੰਦਰੂਨੀ ਸੰਘਰਸ਼, ਉਸ ਦੀ ਮਨੋਸਥਿਤੀ ਅਤੇ ਉਸ ਦੀ ਤਪੱਸਿਆ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ।

ਸੋ ਯਸ਼ੋਧਰਾ ਨਾਵਲ ਕੇਵਲ ਇਤਿਹਾਸਕ ਕਥਾ ਦਾ ਦੁਹਰਾਅ ਨਹੀਂ, ਸਗੋਂ ਔਰਤ ਦੇ ਅਸਤਿਤਵ, ਉਸ ਦੇ ਮਨੋਵਿਗਿਆਨ ਅਤੇ ਉਸ ਦੇ ਤਿਆਗ ਦੀ ਗਹਿਰਾਈ ਨੂੰ ਪ੍ਰਗਟ ਕਰਨ ਵਾਲੀ ਰਚਨਾ ਹੈ। ਇਸੇ ਕਾਰਨ ਇਹ ਨਾਵਲ ਸਾਹਿਤਕ ਅਤੇ ਸਮਾਜਿਕ ਦ੍ਰਿਸ਼ਟੀ ਤੋਂ ਬਹੁਤ ਹੀ ਸਾਰਥਕ ਅਤੇ ਮਹੱਤਵਪੂਰਨ ਬਣ ਜਾਂਦਾ ਹੈ। ਇਸ ਪੂਰੇ ਅਧਿਐਨ ਅਤੇ ਵਿਸ਼ਲੇਸ਼ਣ ਨੂੰ ਧਿਆਨ ਵਿੱਚ ਰੱਖਦਿਆ ਇਹ ਕਿਹਾ ਜਾ ਸਕਦਾ ਹੈ ਕਿ ਬਲਦੇਵ ਸਿੰਘ ਦਾ ਇਹ ਨਾਵਲ ਅਜੋਕੇ ਪੰਜਾਬੀ ਨਾਵਲ ਵਿੱਚ ਨਾਰੀਵਾਦੀ ਚਿੰਤਨ ਦਾ ਇੱਕ ਮਹੱਤਵਪੂਰਨ ਪ੍ਰਤੀਨਿਧੀ ਹੈ, ਜੋ ਔਰਤ ਦੀ ਅਸਮੀਤਾ, ਉਸਦੀ ਅੰਦਰੂਨੀ ਬੇਚੈਨੀ ਅਤੇ ਸਵੈ-ਪਛਾਣ ਦੀ ਲੜਾਈ ਨੂੰ ਗਹਿਰਾਈ ਨਾਲ ਪੇਸ਼ ਕਰਦਾ ਹੈ।

## *ਹਵਾਲੇ ਅਤੇ ਟਿੱਪਣੀਆਂ*


1. *ਸਿੰਘ ਅਤਰ, ਪੰਜਾਬੀ ਨਾਵਲ ਦਾ ਇਤਿਹਾਸ, ਪੰਜਾਬੀ ਯੂਨੀਵਰਸਿਟੀ ਪਟਿਆਲਾ,1993, ਪੰਨਾ: 21.*
2. *ਸਿੰਘ ਅਨੂਪ, ਸਮਕਾਲੀ ਯਥਾਰਥ ਤੇ ਪੰਜਾਬੀ ਨਾਵਲ, ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ,1989, ਪੰਨਾ: 51.*
3. *Singh, Shashila. Feminism: Theory, Criticism, Analysis, Pankrant International, Delhi, 1997, p. 22.*
4. *Cott, Nancy F. Grounding Of Modern Feminism( ਉਦਰਿਤ) ਇੰਦਰਜੀਤ ਕੌਰ, ਨਾਰੀਵਾਦੀ ਸੰਵੇਦਨਾ ਤੇ ਦਲੀਪ ਕੌਰ ਟਿਵਾਣਾ ਦਾ ਗਲਪ, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2005, ਪੰਨੇ: 22-23.*
5. *Carol A.B.Warren. Identity and Community in the Gay World, London, Wiley-Interscience Publication, 1944, p. 145.*
6. *ਸੰਧੂ, ਗੁਰਜੀਤ ਸਿੰਘ,(ਅਨੁ.) ਗੁਲਾਮ ਔਰਤ, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ,2005, ਪੰਨਾ: 8.*
7. *ਸਿੰਘ ਬਲਦੇਵ, ਯਸ਼ੋਧਰਾ, ਲੁਧਿਆਣਾ, ਚੇਤਨਾ ਪ੍ਰਕਾਸ਼ਨ, 2022, ਪੰਨਾ: 6.*
8. *ਉਹੀ, ਪੰਨਾ: 15.*
9. *ਉਹੀ, ਪੰਨੇ: 40-41.*
10. *ਉਹੀ, ਪੰਨਾ: 84.*
11. *Beauvoir, Simone de. The Second Sex. Translated by Constance Borde and Sheila Malovany-Chevallier. New York: Vintage Books, 2011, pp. 440–480.*
12. *ਸਿੰਘ ਬਲਦੇਵ, ਯਸ਼ੋਧਰਾ, ਲੁਧਿਆਣਾ, ਚੇਤਨਾ ਪ੍ਰਕਾਸ਼ਨ,2022, ਪੰਨਾ:106.*
13. *Beauvoir, Simone de. The Second Sex. Translated by Constance Borde and Sheila Malovany-Chevallier. New York: Vintage Books, 2011, p. 5.*
14. *Ibid., p. 283.*
15. *Hooks, Bell. Feminism Is for Everybody: Passionate Politics. Cambridge, MA: South End Press, 2000, p. 1.*



## *Cite this Article-*

*ਡਾ: ਰਾਜਿੰਦਰ ਕੌਰ (Dr. Rajinder Kaur) ਅਜੋਕੇ ਪੰਜਾਬੀ ਨਾਵਲ ਵਿੱਚ ਨਾਰੀ ਚੇਤਨਾ: ਬਲਦੇਵ ਸਿੰਘ ਦੇ ਨਾਵਲ 'ਯਸ਼ੋਧਰਾ' ਦੇ ਸੰਦਰਭ ਵਿੱਚ (Ajoke Punjabi Naval Vich Naari Chetna: Baldev Singh De Naval 'Yashodhara' De Sandarbh Vich), ਅਰਮਾਨ (ARMAAN), ISSN: 2583-9446 (O), Volume- 4, Issue- 3, July-September 2026, Page: 73-78.*

*Journal URL: www.armaan.org.in*

*DOI: https://doi.org/10.64119/armaan.vol.4.issue3.15*



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/